# ਪੰਜਾਬ ਆਈ ਸੀ ਟੀ ਐਜੂਕੇਸ਼ਨ ਸੋਸਾਇਟੀ

## IELTS ਦੀ ਟ੍ਰੇਨਿੰਗ ਦੇ ਕੋਰਸ ਦੀ ਫੀਸ 7500/- ਰੁ: ਘਟਾ ਕੇ 5000/- ਰੁ: ਕਰਨ ਬਾਰੇ ਨੋਟਿਸ।

ਇਸ ਨੋਟਿਸ ਦਾ ਸਬੰਧ 23 ਜੂਨ ਨੂੰ ਅਖ਼ਬਾਰਾਂ ਵਿਚ ਦਿਤੇ IELTS ਦੀ ਟ੍ਰੇਨਿੰਗ ਕੋਰਸ ਬਾਰੇ ਇਸ਼ਤਿਹਰ ਨਾਲ ਹੈ ।

ਇਹ ਦੁਬਾਰਾ ਦੱਸਿਆ ਜਾਂਦਾ ਹੈ ਕਿ ਉਹ ਨੌਜਵਾਨ ਜਿਹੜੇ ਵਿਦੇਸ਼ ਵਿਚ ਉਚੇਰੀ ਸਿੱਖਿਆ ਲਈ ਜਾਂ ਨੌਕਰੀ ਕਰਨ ਲਈ ਜਾਣ ਦੇ ਚਾਹਵਾਨ ਹਨ ਉਹਨਾਂ ਲਈ ਪੰਜਾਬ ਆਈ ਸੀ ਟੀ ਐਜੂਕੇਸ਼ਨ ਸੋਸਾਇਟੀ ਹਰ ਜ਼ਿਲ੍ਹੇ ਵਿਚ ਰਿਆਇਤੀ ਦਰਾਂ ਤੇ ਇੱਕ ਮੰਨੀ ਪ੍ਰਮੰਨੀ ਏਜੰਸੀ ਦੇ ਸਹਿਯੋਗ ਨਾਲ IELTS ਦੀ ਟ੍ਰੇਨਿੰਗ ਦਾ ਆਯੋਜਨ ਕਰ ਰਹੀ ਹੈ। ਇਹ ਧਿਆਨਯੋਗ ਹੈ ਕਿ ਤਿੰਨ ਮਹੀਨੇ ਦੇ ਕੌਰਸ ਦੀ ਫੀਸ 7500/- ਰੁ: ਘਟਾ ਕੇ 5000/- ਰੁ: ਕਰ ਦਿਤੀ ਗਈ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਨੌਜ਼ਵਾਨ ਫਾਇਦਾ ਉਠਾ ਸਕਣ ।

IELTS ਦਾ ਪਹਿਲਾ ਕੋਰਸ 26 ਜੁਲਾਈ, 2010 ਤੋਂ 26 ਅਕਤੂਬਰ, 2010 ਤਕ ਕਰਵਾਇਆ ਜਾਵੇਗਾ । ਕੋਰਸ ਲਈ ਘਟ ਤੋਂ ਘਟ ਯੋਗਤਾ 10+2 ਪਾਸ ਹੋਵੇਗੀ । ਕੋਰਸ ਲਈ ਕਲਾਸਾਂ ਹਰ ਜਿਲ੍ਹੇ ਦੇ ਇਕ ਚੁਣੇ ਹੋਏ ਸਕੂਲ ਵਿਚ ਸੋਮਵਾਰ ਤੋਂ ਸ਼ੁਕਰਵਾਰ ਤੱਕ 3 ਵਜੇ ਤੋਂ 6 ਵਜੇ ਤੱਕ ਲਗਾਈਆਂ ਜਾਣਗੀਆਂ । ਹਰ ਸ਼ਨਿਚਰਵਾਰ ਨੂੰ 2:30 PM ਤੋਂ 6:00 PM ਵਜੇ ਤੱਕ Mock Test ਕਰਵਾਇਆ ਜਾਵੇਗਾ ।

ਇਸ ਲਈ ਅਰਜੀਆਂ ਜਿਲ੍ਹਾ ਸਿੱਖਿਆ ਅਫਸਰ ਅਧਿਕਾਰੀ (ਸੈ.ਸਿ) ਨੂੰ 20 ਜੁਲਾਈ, 2010 ਤਕ ਭੇਜੀਆ ਜਾ ਸਕਦੀਆਂ ਹਨ । ਅਰਜੀ ਦੇ ਨਾਲ ਪੂਰੇ ਕੋਰਸ ਦੀ ਫੀਸ 5000/– ਰੁਪੈ ਦਾ ਡਰਾਫਟ ਜਿਲ੍ਹਾ ਸਿੱਖਿਆ ਅਫਸਰ ਅਧਿਕਾਰੀ (ਸੈ.ਸਿ) ਦੇ ਨਾਂ ਤੇ ਭੇਜਣਾ ਜਰੂਰੀ ਹੋਵੇਗਾ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**